# ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ

## ਪਬਲਿਕ ਨੋਟਿਸ

ਨੰ./ਜਨਰਲ/2024/3844 ਮਿਤੀ 20/09/2024

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ ਵਿਚ ਪਈ ਪੁਰਾਣੀ ਫਾਈਲਾਂ, ਰਜਿਸਟਰ, ਰਸੀਦ ਬੁੱਕਾਂ, ਕੈਸ਼ ਬੁੱਕਾਂ ਆਦਿ ਰੱਦੀ ਵੇਚਣੀ ਹੈ। ਇਸ ਰੱਦੀ ਨੂੰ ਕੁਟੇਸ਼ਨਾਂ ਰਾਹੀਂ ਵੇਚਿਆ ਜਾਵੇਗਾ। ਚਾਹਵਾਨ ਵਿਅਕਤੀ ਮਿਤੀ 26/09/2024 ਸ਼ਾਮ 4:00 ਵਜੇ ਤੱਕ ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ ਦੇ ਨਾਮ ਤੇ ਕੁਟੇਸ਼ਨ ਜਮ੍ਹਾਂ ਕਰਵਾ ਸਕਦੇ ਹੋ। ਇਨ੍ਹਾਂ ਕੁਟੇਸ਼ਨਾਂ ਦੇ ਆਧਾਰ ਤੇ ਜਿਸ ਵਿਅਕਤੀ/ਠੇਕੇਦਾਰ ਦੀ ਕੁਟੇਸ਼ਨ ਦੀ ਕੀਮਤ ਵੱਧ ਪਾਈ ਜਾਵੇਗੀ ਉਸ ਠੇਕੇਦਾਰ ਨੂੰ ਇਹ ਰੱਦੀ ਵੇਚੀ ਜਾਵੇਗੀ। ਮਿਤੀ 26/09/2024 ਸ਼ਾਮ 4:00 ਵਜੇ ਤੋਂ ਬਾਅਦ ਪ੍ਰਾਪਤ ਹੋਈਆਂ ਕੁਟੇਸ਼ਨਾਂ ਰੱਦ ਸਮਝੀਆਂ ਜਾਣਗੀਆਂ। ਇਹ ਰੱਦੀ ਕਮੇਟੀ ਦੀ ਹਾਜਰੀ ਵਿਚ ਤੁਲਵਾਈ ਜਾਵੇਗੀ ਅਤੇ ਇਸਦੀ ਬਣਦੀ ਕੀਮਤ ਕੈਸ਼ੀਅਰ ਕੋਲ ਤੁਰੰਤ ਨਗਦ ਜਮ੍ਹਾਂ ਕਰਵਾਈ ਜਾਵੇਗੀ। ਰੱਦੀ ਵੇਚਣ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ।

ਸ਼ਰਤਾਂ

1. ਖਰੀਦ ਕੀਤੀ ਰੱਦੀ ਖਰੀਦਦਾਰ ਨੋਟਰੀ ਤੋਂ ਤਸਦੀਕਸ਼ੁਦਾ ਹਲਫੀਆਂ ਬਿਆਨ ਦੇਣ ਦਾ ਪਾਬੰਦ ਹੋਵੇਗਾ ਕਿ ਇਸ ਸੰਸਥਾਂ ਦੀ ਖਰੀਦੀ ਗਈ ਰੱਦੀ ਕਿਸੇ ਵੀ ਗਲਤ ਵਰਤੋਂ ਲਈ ਇਸਤੇਮਾਲ ਨਹੀਂ ਕਰੇਗਾ ਅਤੇ ਇਸ ਰੱਦੀ ਨੂੰ ਰੀਸਾਈਕਲ ਕਰਨ ਦਾ ਪਾਬੰਦ ਹੋਵੇਗਾ।
2. ਕੁਟੇਸ਼ਨਾਂ ਕਮੇਟੀ ਮੈਬਰਾਂ ਸਾਹਮਣੇ ਖੋਲੀਆਂ ਜਾਣਗੀਆਂ।
3. ਰੱਦੀ ਵੇਚਣ ਸਬੰਧੀ ਸ਼ਰਤਾਂ ਵਿਚ ਕਿਸੇ ਵੀ ਤਰ੍ਹਾਂ ਦੇ ਬਦਲਾਵ ਜਾਂ ਰੱਦ ਕਰਨ ਦੇ ਅਧਿਕਾਰ ਕਮੇਟੀ ਮੈਬਰਾਂ ਕੋਲ ਰਾਖਵੇਂ ਹੋਣਗੇ।
4. ਚਾਹਵਾਨ ਖਰੀਦਦਾਰ ਕਿਸੇ ਕੰਮ-ਕਾਜ਼ ਵਾਲੇ ਦਿਨ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ ਇਸ ਦਫ਼ਤਰ ਵਿਖੇ ਆ ਕੇ ਇਹ ਰੱਦੀ ਦੇਖ ਸਕਦੇ ਹਨ।

ਪ੍ਰਿੰਸੀਪਲ,
ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ,
ਪਟਿਆਲਾ